# ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਫਾਊਂਡੇਸ਼ਨ, ਕੈਨੇਡਾ

**ਫੋਨ ਨੰ:+16043397117** **E-mail ID:**imkuldip@yahoo.com

ਵੱਲ

ਸ਼੍ਰੀ ਚਰਨਜੀਤ ਸਿੰਘ ਚੰਨੀ
ਮਾਣਯੋਗ ਮੁੱਖ ਮੰਤਰੀ,
ਪੰਜਾਬ, ਚੰਡੀਗੜ੍ਹ।

ਵਿਸ਼ਾ: ਭਾਰਤ ਤੋਂ ਬਾਹਰ ਵੱਸਦੇ ਪੰਜਾਬੀਆਂ ਵੱਲੋਂ ਆਪ ਜੀ ਨੂੰ ਮਾਂ ਬੋਲੀ ਪੰਜਾਬੀ ਦਾ ਸਰਕਾਰੇ ਦਰਬਾਰੇ ਬਣਦੇ ਸਤਿਕਾਰ ਨੂੰ ਬਹਾਲ ਕਰਨ ਲਈ ਬੇਨਤੀ।

ਸ਼੍ਰੀ ਮਾਨ ਜੀ,

ਸਭ ਤੋਂ ਪਹਿਲਾਂ ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਫਾਊਂਡੇਸ਼ਨ ਕੈਨੇਡਾ ਆਪ ਜੀ ਨੂੰ ਪੰਜਾਬ ਦੇ ਮੁੱਖ ਮੰਤਰੀ ਬਣਨ ਤੇ ਵਧਾਈ ਦਿੰਦੀ ਹੈ।

ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪਸਾਰ ਲਈ ਸਰਗਰਮ ਇੱਕ ਅੰਤਰ-ਰਾਸ਼ਟਰੀ ਸੰਸਥਾ ਹੈ। ਇਸ ਦਾ ਇੱਕ ਪ੍ਰਤੀਨਿਧ ਮੰਡਲ ਆਪ ਜੀ ਨੂੰ ਦਸੰਬਰ 2019 ਵਿਚ ਆਪ ਜੀ ਦੇ ਗ੍ਰਹਿ ਵਿਖੇ ਮਿਲਿਆ ਸੀ ਅਤੇ ਤੁਹਾਨੂੰ ਮਾਂ ਬੋਲੀ ਪੰਜਾਬੀ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਜਾਣੂ ਕਰਵਾਇਆ ਸੀ। ਤੁਸੀਂ ਬਹੁਤ ਹੀ ਉਸਾਰੂ ਹੁੰਘਾਰਾ ਭਰਿਆ ਸੀ ਅਤੇ ਇਹ ਮਾਮਲਾ ਪੰਜਾਬ ਵਿਧਾਨ ਸਭਾ ਵਿਚ ਵੀ ਉਠਾਇਆ ਸੀ। ਪੰਜਾਬ ਦੇ ਮੁੱਖ ਮੰਤਰੀ ਹੋਣ ਕਾਰਨ ਹੁਣ ਤੁਸੀਂ ਖੁਦ ਹੀ ਮਾਂ ਬੋਲੀ ਪੰਜਾਬੀ ਪੱਖੀ ਫ਼ੈਸਲੇ ਲੈਣ ਦੀ ਸਥਿਤੀ ਵਿਚ ਹੋ।

ਇਸ ਲਈ ਆਪ ਜੀ ਨੂੰ ਭਾਈਚਾਰੇ ਵੱਲੋਂ ਹੇਠ ਲਿਖੀ ਬੇਨਤੀ ਕੀਤੀ ਜਾਂਦੀ ਹੈ:

1. ਪੰਜਾਬ ਸਰਕਾਰ ਵੱਲੋਂ ਮਈ 2008 ਵਿਚ ਪੰਜਾਬ ਰਾਜ ਭਾਸ਼ਾ ਐਕਟ 1967 ਵਿਚ ਸੋਧ ਕੀਤੀ ਗਈ ਸੀ ਅਤੇ ਧਾਰਾ 3-ਏ(1) ਜੋੜ ਕੇ ਪੰਜਾਬੀ ਨੂੰ ਜ਼ਿਲ੍ਹਾ ਅਦਾਲਤਾਂ ਵਿਚ ਲਾਗੂ ਕੀਤਾ ਗਿਆ ਸੀ। ਇਹ ਵਿਵਸਥਾ 05 ਨਵੰਬਰ 2008 ਤੋਂ ਲਾਗੂ ਹੈ। ਸਾਲ 2009 ਤੋਂ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਇਸ ਵਿਵਸਥਾ ਨੂੰ ਲਾਗੂ ਕਰਨ ਲਈ ਲੋੜੀਂਦੇ ਮੁਲਾਜ਼ਮ ਭਰਤੀ ਕਰਕੇ ਦੇਣ ਦੀ ਪੰਜਾਬ ਸਰਕਾਰ ਨਾਲ ਚਿੱਠੀ-ਪੱਤਰ ਕਰ ਰਿਹਾ ਹੈ। ਆਪ ਜੀ ਦੇ ਧਿਆਨ ਵਿਚ ਲਿਆਂਦਾ ਜਾ ਰਿਹਾ ਹੈ ਕਿ ਮਾਣਯੋਗ ਹਾਈ ਕੋਰਟ ਹਰ ਅਦਾਲਤ ਲਈ ਪੰਜਾਬੀ ਸਟੈਨੋ ਅਨੁਵਾਦਕ ਅਤੇ ਜਜਮੈਂਟ ਰਾਈਟਰ ਦੀ ਮੰਗ ਕਰ ਰਿਹਾ ਹੈ। ਇਹ ਭਰਤੀ ਹੋਣ ਨਾਲ ਪੰਜਾਬ ਦੀਆਂ ਜ਼ਿਲ੍ਹਾ ਅਦਾਲਤਾਂ ਵਿਚ ਅਦਾਲਤੀ ਕਾਰਵਾਈ ਜਿਨ੍ਹਾਂ ਵਿਚ ਅਦਾਲਤ ਦੇ ਫ਼ੈਸਲੇ ਵੀ ਸ਼ਾਮਲ ਹਨ ਪੰਜਾਬੀ ਵਿਚ ਹੋਣ ਲੱਗ ਪੈਣਗੇ। ਇਸ ਤਰ੍ਹਾਂ ਹੋਣ ਨਾਲ ਇੱਕ ਪਾਸੇ ਲੋਕਾਂ ਨੂੰ ਆਪਣੀ ਮਾਤ ਭਾਸ਼ਾ ਵਿਚ ਇਨਸਾਫ਼ ਪਾਪਤ ਕਰਨ ਦਾ ਸੰਵਿਧਾਨਕ ਹੱਕ ਪ੍ਰਾਪਤ ਹੋ ਜਾਵੇਗਾ ਅਤੇ ਦੂਜੇ ਪਾਸੇ ਪੰਜਾਬੀ ਪੜ੍ਹੇ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਵੀ ਮਿਲ ਜਾਵੇਗਾ।

ਆਪ ਜੀ ਵੱਲੋਂ ਵਿਸ਼ਵਾਸ ਦਿਵਾਇਆ ਜਾ ਰਿਹਾ ਹੈ ਕਿ ਆਉਂਦੇ ਕੁਝ ਮਹੀਨਿਆਂ ਵਿਚ ਪੰਜਾਬ ਸਰਕਾਰ ਵੱਲੋਂ ਇੱਕ ਲੱਖ ਮੁਲਾਜ਼ਮਾਂ ਦੀ ਨਵੀਂ ਭਰਤੀ ਕੀਤੀ ਜਾਵੇਗੀ। **ਪੰਜਾਬੀ ਭਾਸ਼ਾ ਪਸਾਰ ਭਾਈਚਾਰੇ ਦੀ ਮੰਗ ਹੈ ਕਿ ਇਹ ਭਰਤੀ ਕਰਦੇ ਸਮੇਂ ਮਾਣਯੋਗ ਹਾਈ ਕੋਰਟ ਦੀ ਮੰਗ ਵੀ ਪ੍ਰਵਾਨ ਕਰ ਲਈ ਜਾਵੇ ਅਤੇ ਜ਼ਿਲ੍ਹਾ ਅਦਾਲਤਾਂ ਲਈ ਪੰਜਾਬੀ ਪੜ੍ਹੇ ਨੌਜਵਾਨਾਂ ਦੀ ਭਰਤੀ ਕਰ ਲਈ ਜਾਵੇ।**

2. ਪੰਜਾਬ ਸਰਕਾਰ ਵੱਲੋਂ ਹਰ ਸਾਲ ਪੰਜਾਬੀ ਭਾਸ਼ਾ ਸਾਹਿਤ ਅਤੇ ਸੱਭਿਆਚਾਰ ਦੇ ਵਿਕਾਸ ਲਈ ਨਿੱਠ ਕੇ ਕੰਮ ਕਰਨ ਵਾਲੀਆਂ 15 ਸ਼ਖਸੀਅਤਾਂ ਨੂੰ 10 ਲੱਖ ਅਤੇ 5 ਲੱਖ ਰੁਪਏ ਦੀ ਰਾਸ਼ੀ ਦੇ ਪੁਰਸਕਾਰ ਦਿੱਤੇ ਜਾਂਦੇ ਹਨ। ਦਸੰਬਰ 2020 ਵਿਚ ਪਿਛਲੇ ਛੇ ਸਾਲਾਂ ਦੇ ਬਕਾਇਆ 90 ਪੁਰਸਕਾਰਾਂ ਦਾ ਐਲਾਨ ਕੀਤਾ ਗਿਆ ਸੀ। ਇਹ ਚੋਣ ਕਰਦੇ ਸਮੇਂ ਰਾਜ ਸਲਾਹਕਾਰ ਬੋਰਡ ਦੇ ਮੈਂਬਰਾਂ ਵੱਲੋਂ ਘੋਰ ਪੱਖਪਾਤ ਕੀਤਾ ਗਿਆ ਅਤੇ ਆਪਣੇ ਹੀ ਨਜ਼ਦੀਕੀ ਮਿੱਤਰਾਂ ਅਤੇ ਰਿਸ਼ਤੇਦਾਰਾਂ ਨੂੰ ਪੁਰਸਕਾਰ ਦੇ ਦਿੱਤੇ ਗਏ। ਇਸ ਪੱਖਪਾਤ ਵਿਰੁੱਧ ਪੰਜਾਬੀ ਭਾਸ਼ਾ ਪਸਾਰ ਭਾਈਚਾਰੇ ਦੇ ਤਿੰਨ ਸੰਚਾਲਕਾਂ ਵੱਲੋਂ ਇਨ੍ਹਾਂ ਪੁਰਸਕਾਰਾਂ ਦੀ ਚੋਣ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ ਗਈ। ਪਟੀਸ਼ਨ ਵਿਚ ਦਰਜ ਦਲੀਲਾਂ ਨਾਲ ਸਹਿਮਤ ਹੋ ਕੇ ਮਾਣਯੋਗ ਸਿਵਲ ਅਦਾਲਤ ਵੱਲੋਂ ਆਪਣੇ ਹੁਕਮ ਮਿਤੀ 19.07.2021 ਰਾਹੀਂ ਇਨ੍ਹਾਂ ਪੁਰਸਕਾਰਾਂ ਦੀ ਵੰਡ ਉੱਪਰ ਰੋਕ ਲਗਾ ਦਿੱਤੀ ਹੈ। ਇਹ ਰੋਕ ਸਿੱਧ ਕਰਦੀ ਹੈ ਕਿ ਇਨ੍ਹਾਂ ਪੁਰਸਕਾਰਾਂ ਦੀ ਚੋਣ ਨਿਯਮਾਂ ਅਨੁਸਾਰ ਨਹੀਂ ਹੋਈ।

ਸਾਨੂੰ ਪਤਾ ਲੱਗਿਆ ਹੈ ਕਿ ਹੁਣ ਸਰਕਾਰ ਦੇ ਬਦਲ ਜਾਣ ਕਾਰਨ, ਰਾਜ ਸਲਾਹਕਾਰ ਬੋਰਡ ਦੇ ਕੁਝ ਮੈਂਬਰ ਅਤੇ ਪੁਰਸਕਾਰ ਪ੍ਰਾਪਤ ਕਰਨ ਵਾਲੀਆਂ ਕੁਝ ਪ੍ਰਭਾਵਸ਼ਾਲੀ ਸ਼ਖਸੀਅਤਾਂ ਸਰਕਾਰ ਦੇ ਉੱਚ ਅਧਿਕਾਰੀਆਂ ਤੇ ਦਬਾਅ ਬਣਾ ਰਹੇ ਹਨ ਕਿ ਅਦਾਲਤ ਦੇ ਹੁਕਮ ਦੀ ਅਣਦੇਖੀ ਕਰਕੇ ਇਹ ਪੁਰਸਕਾਰ ਵੰਡ ਦਿੱਤੇ ਜਾਣ।

**ਬੇਨਤੀ ਹੈ ਕਿ ਤੁਸੀਂ ਪੁਰਸਕਾਰਾਂ ਦੀ ਇਸ ਚੋਣ ਵੱਲ ਖੁਦ ਧਿਆਨ ਦੇਵੋ ਅਤੇ ਪਹਿਲਾਂ ਕੀਤੀ ਚੋਣ ਨੂੰ ਰੱਦ ਕਰੋ। ਚਿਰਾਂ ਤੋਂ ਲਟਕ ਰਹੀ ਪੁਰਸਕਾਰ ਨੀਤੀ ਬਣਾਓ ਅਤੇ ਫੇਰ ਨਵੀਂ ਪੁਰਸਕਾਰ ਨੀਤੀ ਅਨੁਸਾਰ ਪੁਰਸਕਾਰਾਂ ਦੀ ਦੁਬਾਰਾ ਚੋਣ ਕਰਨ ਦੇ ਹੁਕਮ ਜਾਰੀ ਕਰੋ ਜੀ।**

ਕੁਲਦੀਪ ਸਿੰਘ
ਮੁੱਖ ਸੰਚਾਲਕ